National Research Journal of Social Sciences
Volume-11, Issue-1, January-June 2026
PP: 96-101

ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਗੁਰੂ ਤੇਗ ਬਹਾਦਰ ਜੀ ਦੀ ਬਾਣੀ ਅਤੇ ਭਾਰਤੀ ਗਿਆਨ ਪਰੰਪਰਾ

**ਜਤਿੰਦਰ ਕੌਰ**

ਐਸੋਸੀਏਟ ਪ੍ਰੋਫ਼ੈਸਰ
ਪੰਜਾਬੀ ਵਿਭਾਗ, ਗੁਰੂ ਅਰਜਨ ਦੇਵ ਖਾਲਸਾ ਕਾਲਜ, ਚੋਹਲਾ ਸਾਹਿਬ

**ਸਾਰੰਸ਼:**

ਭਾਰਤ ਦਾ ਸਭ ਤੋਂ ਪੁਰਾਣਾ ਧਰਮ ਵੈਦਿਕ ਧਰਮ ਸੀ . ਇਸ ਦਾ ਆਧਾਰ ਬਹੁਦੇਵਵਾਦ ਸੀ,ਜਿਸ ਤੋਂ ਬਾਅਦ ਵੇਦਾਂਤ ਮੱਤ ਦਾ ਆਰੰਭ ਹੋਇਆ. ਜਿਸ ਨੂੰ ਭਾਰਤੀ ਗਿਆਨ ਪਰੰਪਰਾ ਦੇ ਇਤਿਹਾਸ ਦਾ ਸਭ ਤੋਂ ਪੁਰਾਤਨ ਮੱਤ ਮੰਨਿਆ ਗਿਆ ਹੈ ।ਜਿਸ ਅਨੁਸਾਰ ਇੱਕੋ ਇੱਕ ਬ੍ਰਹਮ ਦੀ ਸੱਤਾ ਪ੍ਰਵਾਨ ਕੀਤੀ ਗਈ ਤੇ ਬਾਕੀ ਪ੍ਰਕਿਰਤਿਕ ਸ਼ਕਤੀਆਂ ਨੂੰ ਇਸ ਬ੍ਰਹਮ ਦੀ ਸੱਤਾ ਦਾ ਪ੍ਰਕਾਸ਼ ਮੰਨਿਆ ਗਿਆ ਹੈ। ਭਾਰਤੀ ਗਿਆਨ ਪਰੰਪਰਾ ਇੱਕ ਬ੍ਰਹਮ ਦੇ ਸੰਕਲਪ, ਪ੍ਰਕਿਰਤੀ, ਜੀਵ, ਕਰਮ,ਆਵਾਗਵਨ, ਗਿਆਨ ਅਤੇ ਮੁਕਤੀ ਦੀ ਗੱਲ ਕਰਦੀ ਹੈ ਜਿਸ ਵਿੱਚ ਬ੍ਰਹਮ ਨੂੰ ਹੀ ਇਕੋ ਸ਼ਕਤੀ ਸਵੀਕਾਰ ਕੀਤਾ ਗਿਆ ਹੈ. ਜਿੱਥੋਂ ਤੱਕ ਗੁਰੂਬਾਣੀ ਦਾ ਸਬੰਧ ਹੈ ਉਹ ਵੀ ਇੱਕ ਬ੍ਰਹਮ ਦੀ ਉਤਪਤੀ, ਜਨਮ ਤੇ ਮੌਤ ਦੇ ਅਟੱਲ ਸੱਚਾਈ,ਜੀਵ ਦੁਆਰਾ ਕੀਤੇ ਗਏ ਕਰਮ, ਆਵਾ ਗਵਨ ਤੇ ਮੁਕਤੀ ਪ੍ਰਾਪਤੀ ਦੇ ਸਾਧਨਾਂ ਦਾ ਵਰਨਣ ਕਰਦੀ ਹੈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਵੀ ਇਹੀ ਸੰਕਲਪ ਹਨ,ਜਿਸ ਬਾਰੇ ਵਿਸਥਾਰ ਸਹਿਤ ਚਰਚਾ ਹੱਥਲੇ ਖੋਜ ਨਿਬੰਧ ਵਿੱਚ ਕੀਤੀ ਗਈ ਹੈ. ਇਸ ਖੋਜ ਨਿਬੰਧ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਭਾਰਤੀ ਗਿਆਨ ਪਰੰਪਰਾ ਦੇ ਸੰਦਰਭ ਵਿੱਚ ਰੱਖ ਕੇ ਅਧਿਐਨ ਦਾ ਵਿਸ਼ਾ ਬਣਾਇਆ ਗਿਆ ਹੈ।

**ਕੁੰਜੀ ਸ਼ਬਦ** :ਮੋਕਸ਼ ਵਿਗਿਆਨ, ਜਨਮਾਂਤਰ ਅਵਸਥਾ, ਪਰਮਤਤ,ਆਤਮਅਨੁਭੂਤੀ, ਅਦਵੈਤਵਾਦ।

**ਭੂਮਿਕਾ:**

ਗੁਰੂ ਤੇਗ ਬਹਾਦਰ ਜੀ ਸਿੱਖ ਧਰਮ ਦੇ ਨੌਵੇਂ ਗੁਰੂ ਹਨ, ਜਿਨ੍ਹਾਂ ਨੇ ਨਿਮਰਤਾ,ਸਾਦਗੀ ਅਤੇ ਲਾਸਾਨੀ ਸ਼ਹਾਦਤ ਦੇ ਕਾਰਨ ਆਪਣੀ ਵੱਖਰੀ ਛਾਪ ਹਿੰਦੁਸਤਾਨ ਦੇ ਇਤਿਹਾਸ ਲਈ ਬਣਾਈ ਹੈ। ਗੁਰੂ ਤੇਗ ਬਹਾਦਰ ਦਾ ਹਿੰਦੋਸਤਾਨ ਲਈ ਦਿੱਤਾ ਗਿਆ ਬਲੀਦਾਨ ਮਹਾਨ ਹੈ। ਇਹ ਬਲੀਦਾਨ ਦੇਣ ਲਈ ਤਿਆਰੀ ਗੁਰੂ ਜੀ ਵਲੋਂ ਬਹੁਤ ਪਹਿਲਾਂ ਹੀ ਆਰੰਭ ਕਰ ਦਿੱਤੀ ਸੀ। ਉਹਨਾਂ ਦਾ ਸੁਭਾਅ ਸ਼ੁਰੂ ਤੋਂ ਹੀ ਬਹੁਤ ਸ਼ਾਂਤ ਅਤੇ ਵੈਰਾਗਮਈ ਸੀ ।ਉਹ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪੰਜ ਪੁੱਤਰਾਂ ਵਿੱਚ ਸਭ ਤੋਂ ਛੋਟੇ ਸਨ । ਉਹਨਾਂ ਦਾ ਬਚਪਨ ਦਾ ਨਾਂ ਤਿਆਗ ਮੱਲ ਸੀ। ਆਪਣੇ ਨਾਂ ਅਨੁਸਾਰ ਹੀ ਉਹਨਾਂ ਦੀ ਬਿਰਤੀ ਬਚਪਨ ਤੋਂ ਹੀ ਤਿਆਗ ਅਤੇ ਵੈਰਾਗ ਵਾਲੀ ਸੀ। ਭਾਈ ਗੁਰਦਾਸ ਜੀ ਦੀ ਨਿਗਰਾਨੀ ਹੇਠ ਹੀ ਉਹਨਾਂ ਨੂੰ ਵੱਖ-ਵੱਖ ਭਾਸ਼ਾਵਾਂ,ਸਮਾਜਿਕ ਵਿਗਿਆਨ ਤੇ ਦਰਸ਼ਨ ਸ਼ਾਸਤਰ ਦਾ ਗਿਆਨ ਹਾਸਿਲ ਹੋਇਆ ਤੇ ਤੀਰ ਅੰਦਾਜੀ ਤੇ ਘੋੜ ਸਵਾਰੀ ਦੀ ਸਿਖਲਾਈ ਉਹਨਾਂ ਨੂੰ ਬਾਬਾ ਬੁੱਢਾ ਜੀ ਤੋਂ ਤੇ ਤਲਵਾਰਬਾਜੀ ਦਾ ਗਿਆਨ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਆਪ ਸਿਖਾਇਆ। 1644 ਵਿੱਚ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਮਾਤਾ ਨਾਨਕੀ ਜੀ ਤੇਗ ਬਹਾਦਰ ਜੀ ਤੇ ਮਾਤਾ ਗੁਜਰੀ ਜੀ ਬਿਆਸ ਦਰਿਆ ਨੇੜੇ ਵਸੇ ਪਿੰਡ ਬਕਾਲੇ ਆ ਗਏ, ਜਿੱਥੇ ਗੁਰੂ ਤੇਗ ਬਹਾਦਰ ਜੀ ਨੇ ਲਗਭਗ 20 ਵਰੇ ਸ਼ਾਂਤੀ ਭਰਪੂਰ ਜੀਵਨ ਬਤੀਤ ਕੀਤਾ. ਇਹ ਵੀ ਧਾਰਨਾ ਪ੍ਰਚਲਿਤ ਹੈ ਕਿ ਉਹਨਾਂ ਨੇ ਆਪਣੇ ਘਰ ਵਿੱਚ ਇੱਕ ਭੌਰਾ ਬਣਵਾਇਆ ਹੋਇਆ ਸੀ ਜਿਸ ਵਿੱਚ ਉਹ ਇਕਾਂਤ ਵਿੱਚ ਰਹਿ ਕੇ ਪ੍ਰਭੂ ਦਾ ਸਿਮਰਨ ਕਰਦੇ ਸਨ। ਗੁਰੂ ਤੇਗ ਬਹਾਦਰ ਜੀ ਨੇ ਆਪਣੇ ਇਕਾਂਤ ਦੇ ਲੰਮੇ ਸਮੇਂ ਦੌਰਾਨ ਪ੍ਰਭੂ ਸਿਮਰਨ,ਨਿਸ਼ਕਾਮ ਸੇਵਾ ਤੇ ਸਵੈ ਕੁਰਬਾਨੀ ਦੀਆਂ ਭਾਵਨਾਵਾਂ ਨੂੰ ਪ੍ਰਬਲ ਕਰਦੇ ਹੋਏ ਭਾਣਾ ਮੰਨਣ ਦੀ ਨੈਤਿਕ ਤੇ ਰੂਹਾਨੀ ਸ਼ਕਤੀ ਪ੍ਰਾਪਤ ਕਰ ਲਈ ਸੀ। ਗੁਰੂ ਤੇਗ ਬਹਾਦਰ ਜੀ ਨੇ ਜਿੱਥੇ ਲਸਾਨੀ ਸ਼ਹਾਦਤ ਦੇ ਕੇ ਹਿੰਦ ਦੀ ਰੱਖਿਆ ਕੀਤੀ , ਉੱਥੇ ਉਹ ਇੱਕ ਮਹਾਨ ਕਵੀ ਤੇ ਚਿੰਤਕ ਵੀ ਬਣੇ । ਉਹਨਾਂ ਨੇ ਕੁੱਲ 15 ਰਾਗਾਂ ਵਿੱਚ ਬਾਣੀ ਦੀ ਰਚਨਾ ਕੀਤੀ ਉਹਨਾਂ ਦੇ 59 ਸ਼ਬਦ ਤੇ 57 ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚ ਦਰਜ ਹਨ। ਗੁਰੂ ਜੀ ਨੇ ਜੋਖਮਮਈ ਹਾਲਾਤਾਂ ਵਿੱਚੋਂ ਲੰਘਦੇ ਹੋਏ ਨਿਡਰ ਤੇ ਬਹਾਦਰੀ ਨਾਲ ਜ਼ੁਲਮ ਦੇ ਖਿਲਾਫ ਲੜਾਈ ਕੀਤੀ ਅਤੇ ਆਪਣੇ ਤੋਂ ਪਹਿਲੇ ਹੋਏ ਗੁਰੂ ਸਾਹਿਬਾਨ ਦੁਆਰਾ ਰਚੀ ਜਾਂਦੀ ਬਾਣੀ ਦੀ ਪਿਰਤ ਨੂੰ ਵੀ ਅੱਗੇ ਤੋਰਿਆ।ਉਨ੍ਹਾਂ ਨੇ ਆਪਣੀ ਬਾਣੀ ਵਿੱਚ ਨਾਮ ਸਿਮਰਨ ਤੇ ਪ੍ਰਭੂ ਭਗਤੀ ਨੂੰ ਹੀ ਆਪਣੀ ਬਾਣੀ ਵਿੱਚ ਮੁੱਖ ਵਿਸ਼ੇ ਵਜੋਂ ਨਿਭਾਇਆ ਹੈ। ਨਾਮ ਨੂੰ ਵਿਆਕਰਣਕ ਪੱਖ ਤੋਂ ਦੇਖਿਆ ਇਸ ਦੇ ਅਰਥ ਇਸ ਤਰਾਂ ਹਨ:-

"ਵਿਆਕਰਣਕ ਪੱਖ ਤੋਂ ਨਾਮ ਇਕ ਸੰਘਿਆ ਹੈ, ਜਿਸ ਨਾਲ ਕਿਸੇ ਵਿਅਕਤੀ ਜਾਂ ਵਸਤੂ ਦੀ ਸਹੀ ਪਹਿਚਾਣ ਦਾ ਗਿਆਨ ਹੁੰਦਾ ਹੈ"।[1]

"ਦਾਰਸ਼ਨਿਕ ਪੱਖ ਤੋਂ ਨਾਮ ਇਕ ਅੰਦਰੂਨੀ ਲਿਵ ਹੈ, ਜੋ ਆਪੇ ਨੂੰ ਪਰਮ ਆਪੇ ਨਾਲ ਮੇਲਦੀ ਹੈ"।[2]

ਜਿਹੜੇ ਨਾਮ ਸਿਮਰਨ ਦੀ ਗੱਲ ਗੁਰਬਾਣੀ ਵਿੱਚ ਹੈ ਉਹ ਮਨੁੱਖ ਨੂੰ ਆਤਮ ਖੋਜ ਵੱਲ ਪ੍ਰੇਰਦੀ ਤੇ ਪਰਮਾਤਮਾ ਨਾਲ ਇਕੱਮਿਕਤਾ ਦੇ ਰਾਹ ਵੱਲ ਤੋਰਦੀ ਹੈ। ਗੁਰੂ ਤੇਗ ਬਹਾਦਰ ਜੀ ਨੇ ਆਪਣੀ ਬਾਣੀ ਵਿੱਚ ਸੰਸਾਰ ਦੀ ਨਾਸ਼ਮਾਨਤਾ ਤੇ ਪ੍ਰਭੂ ਨੇ ਨਾਮ ਦੀ ਸਥਿਰਤਾ ਦੇ ਸਿਧਾਂਤ ਦੀ ਗੱਲ ਨੂੰ ਪ੍ਰਮਾਣਿਤ ਕੀਤਾ ਹੈ। ਜਿਸ ਬਾਰੇ ਭਾਰਤੀ ਗਿਆਨ ਪ੍ਰੰਪਰਾ ਵਿੱਚ ਵੀ ਹਵਾਲੇ ਮਿਲਦੇ ਹਨ ਤੇ ਇਕ ਪ੍ਰਭੂ ਦੀ ਭਗਤੀ ਦੀ ਗੱਲ ਕੀਤੀ ਗਈ ਹੈ।


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਭਾਰਤੀ ਗਿਆਨ ਪ੍ਰੰਪਰਾ: ਭਾਰਤੀ ਗਿਆਨ ਪ੍ਰੰਪਰਾ ਦੀ ਇਤਿਹਾਸ ਬਹੁਤ ਲੰਬਾ ਹੈ .ਭਾਰਤ ਦਾ ਸਭ ਤੋਂ ਪੁਰਾਣਾ ਧਰਮ ਵੈਦਿਕ ਧਰਮ ਸੀ,ਜਿਸ ਨਾਲ ਵੇਦਾਂਤ ਮੱਤ ਦਾ ਆਰੰਭ ਹੋਇਆ।

ਭਾਰਤੀ ਗਿਆਨ ਪਰੰਪਰਾ ਵਿੱਚ ਮਨੁੱਖੀ ਸਿਹਤ, ਮਾਨਸਿਕਤਾ, ਆਯੁਰਵੇਦ, ਯੋਗ ਸਾਧਨਾ, ਪ੍ਰਭੂ ਦੀ ਭਗਤੀ, ਇੱਕ ਬ੍ਰਹਮ ਦਾ ਸੰਕਲਪ ਆਦਿ ਬਹੁਤ ਸਾਰੇ ਪੱਖਾਂ ਨੂੰ ਸ਼ਾਮਿਲ ਕੀਤਾ ਗਿਆ ਹੈ।[3]

ਜਿਥੋਂ ਤੱਕ ਪ੍ਰਭੂ ਭਗਤੀ ਦੀ ਗੱਲ ਕਰੀਏ ਤਾਂ ਭਾਰਤੀ ਗਿਆਨ ਪਰੰਪਰਾ ਧਰਮ ਅਤੇ ਕਰਮ ਦੇ ਵਿੱਚ ਡੂੰਘਾ ਵਿਸ਼ਵਾਸ ਰੱਖਦੀ ਹੈ। ਇਸ ਅਨੁਸਾਰ ਮਨੁੱਖ ਜਿਹੋ ਜਿਹੇ ਕਰਮ ਕਰਦਾ ਹੈ ਉਹੋ ਜਿਹਾ ਫਲ ਉਸ ਨੂੰ ਪ੍ਰਾਪਤ ਹੁੰਦਾ ਹੈ। ਇਸ ਲਈ ਭਾਰਤੀ ਗਿਆਨ ਪਰੰਪਰਾ ਵਿੱਚ ਧਰਮ ਅਨੁਸਾਰ ਕਰਮ ਕਰਨ ਤੇ ਜੋਰ ਦਿੱਤਾ ਗਿਆ ਹੈ।

ਭਾਰਤੀ ਗਿਆਨ ਪ੍ਰੰਪਰਾ ਵਿੱਚ ਇੱਕੋ ਇੱਕ ਬ੍ਰਹਮ ਦੀ ਸੱਤਾ ਪ੍ਰਵਾਨ ਕੀਤੀ ਗਈ ਤੇ ਬਾਕੀ ਪ੍ਰਕਿਰਤਿਕ ਸ਼ਕਤੀਆਂ ਨੂੰ ਇਸ ਬ੍ਰਹਮ ਦੀ ਸੱਤਾ ਦਾ ਹੀ ਪ੍ਰਕਾਸ਼ ਮੰਨਿਆ ਗਿਆ। ਵੇਦਾਂਤ ਧਰਮ ਦੀ ਨੀਹ ਉਪਨਿਸ਼ਦਾਂ ਤੋਂ ਮੰਨੀ ਜਾਂਦੀ ਹੈ ਤੇ ਇਹਨਾਂ ਦੀ ਗਿਣਤੀ 200 ਤੋਂ ਵੀ ਵੱਧ ਸਵੀਕਾਰ ਕੀਤੀ ਗਈ ਹੈ।ਇਹਨਾਂ ਵਿੱਚ ਧਰਮ ਵਿਗਿਆਨ, ਸ੍ਰਿਸ਼ਟੀ ਦਾ ਮਨੋਵਿਗਿਆਨ,ਮੋਕਸ਼ ਵਿਗਿਆਨ(ਮੁਕਤੀ ),ਜਨਮਾਂਤਰ ਅਵਸਥਾ(ਜੂਨਾਂ), ਆਦਿ ਵਿਸ਼ਿਆਂ ਉੱਤੇ ਦਾਰਸ਼ਨਿਕ ਵਿਚਾਰ ਉਪਲਬਧ ਹੁੰਦੇ ਹਨ. ਵੇਦਾਂਤਾਂ ਦੇ ਵਿਚਾਰ ਦਾ ਭਾਰਤੀ ਧਾਰਮਿਕ ਖੇਤਰ ਵਿੱਚ ਵਿਸ਼ੇਸ਼ ਪ੍ਰਭਾਵ ਰਿਹਾ ਹੈ ਅਤੇ ਗੁਰਬਾਣੀ ਵਿੱਚ ਵੀ ਇਹ ਪ੍ਰਭਾਵ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਦ੍ਰਿਸ਼ਟੀ ਗੋਚਰ ਹੁੰਦਾ ਹੈ। ਜਿੱਥੋਂ ਤੱਕ ਉਪਨਿਸ਼ਦਾਂ ਦਾ ਸਬੰਧ ਹੈ ਉਹਨਾਂ ਸਬੰਧੀ ਕਿਹਾ ਜਾਂਦਾ ਹੈ ਕਿ ਇਹਨਾਂ ਦਾ ਮਨੋਰਥ ਬ੍ਰਹਮ ਨਾਂ ਦੇ ਪਰਮ ਤਤ ਨੂੰ ਖੋਜਣਾ ਹੈ ਕਿਉਂ ਜੋ ਬ੍ਰਹਮ ਨੂੰ ਸਾਰੇ ਜਗਤ ਦਾ ਆਧਾਰ ਮੰਨਿਆ ਜਾਂਦਾ ਹੈ। ਵਿਧਾਨ ਅਨੁਸਾਰ ਬ੍ਰਹਮ ਹੀ ਜਗਤ ਦੀ ਉਤਪੱਤੀ ਦਾ ਕਾਰਨ ਹੈ ਉਹ ਹੀ ਵਸਤੂਆਂ ਵਿੱਚ ਬਿਰਾਜਮਾਨ ਹੈ ਪ੍ਰੰਤੂ ਉਹ ਅਦ੍ਰਿਸ਼ਟ ਹੈ।ਬ੍ਰਹਮ ਹੀ ਵਿਭਿੰਨ ਪ੍ਰਕਾਰ ਦੀ ਸਿਰਜਣਾ ਦਾ ਸੋਮਾ ਹੈ ਪਰ ਫਿਰ ਵੀ ਉਸ ਵਿੱਚ ਕਿਸੇ ਪੱਖ ਤੋਂ ਕੋਈ ਘਾਟ ਨਜ਼ਰ ਨਹੀਂ ਆਉਂਦੀ। ਜੀਵ ਆਤਮਾ ਬ੍ਰਹਮ ਦੇ ਅਸਲੇ ਰਾਹੀਂ ਹੀ ਬਣੀ ਕੋਈ ਵਸਤੂ ਹੈ ।ਆਤਮਾ ਨੂੰ ਬ੍ਰਹਮ ਹੀ ਚਲਾਉਂਦਾ ਹੈ ਜਿੰਨੀ ਦੇਰ ਇਸ ਗੱਲ ਦਾ ਗਿਆਨ ਪ੍ਰਾਪਤ ਨਹੀਂ ਹੁੰਦਾ ਉਨਾ ਚਿਰ ਇਹ ਜਨਮਾਂ ਮਰਨਾ ਤੋ ਮੁਕਤੀ ਪ੍ਰਾਪਤ ਨਹੀਂ ਕਰਦੀ।

ਵੇਦਾਂਤ ਅਨੁਸਾਰ ਇਸ ਦਾ ਸਭ ਤੋਂ ਵੱਡਾ ਕੰਮ ਮੁਕਤੀ ਹੈ,ਆਵਾ ਗਵਨ ਤੋਂ ਛੁਟਕਾਰਾ ਹੈ। ਵੇਦਾਂਤ ਅਨੁਸਾਰ ਜੀਵ ਆਤਮਾ ਆਪਣੇ ਅਸਲੇ ਨੂੰ ਭੁੱਲ ਜਾਣ ਕਰਕੇ ਹਉਮੈ,ਮਾਣ ਤੇ ਸਰੀਰ ਦੇ ਬੰਧਨ ਵਿੱਚ ਕੈਦ ਰਹਿੰਦੀ ਹੈ ।ਇਸ ਨੂੰ ਜਦੋਂ ਆਪਣੇ ਬਾਰੇ ਗਿਆਨ ਹੋ ਜਾਂਦਾ ਹੈ ਤਦ ਇਹ ਭਿੰਨ ਪ੍ਰਕਾਰ ਦੇ ਬੰਧਨਾਂ ਤੋਂ ਮੁਕਤ ਹੋਣ ਦੀ ਕੋਸ਼ਿਸ਼ ਕਰਦੀ ਹੈ। ਭਾਰਤੀ ਚਿੰਤਨ ਵਿੱਚ ਇਸ ਗੱਲ ਦਾ ਵਿਸ਼ੇਸ਼ ਉਲੇਖ ਉਪਲਬਧ ਹੈ ਕਿ ਜੀਵ ਆਤਮਾ ਆਪਣੇ ਮੂਲ ਦੀ ਪਛਾਣ ਕਰਨ ਉਪਰੰਤ ਮੁਕਤੀ ਪ੍ਰਾਪਤ ਕਰਨ ਦੇ ਸਮਰੱਥ ਹੋ ਜਾਂਦੀ ਹੈ.ਜਿਸ ਲਈ ਗੁਰੂ ਦਾ ਵਿਸ਼ੇਸ਼ਤੇ ਨਿਸ਼ਚਿਤ ਸਥਾਨ ਭਾਰਤੀ ਗਿਆਨ ਪ੍ਰੰਪਰਾ ਵਿੱਚ ਹੈ।ਗੁਰੂ ਤੋਂ ਬਿਨਾਂ ਮੁਕਤੀ ਦਾ ਰਾਹ ਨਹੀਂ ਮਿਲਦਾ।

ਜਿੱਥੋਂ ਤੱਕ ਵੇਦਾਂਤ ਦੇ ਵਿਭਿੰਨ ਵਿਸ਼ਿਆਂ ਦਾ ਸਬੰਧ ਹੈ ਇਸ ਵਿੱਚ ਬ੍ਰਹਮ ਪ੍ਰਕਿਰਤੀ, ਜੀਵ,ਕਰਮ,ਆਵਾ ਗਵਨ, ਗਿਆਨ ਅਤੇ ਮੁਕਤੀ ਆਦਿ ਆਉਂਦੇ ਹਨ। ਭਾਰਤੀ ਗਿਆਨ ਪ੍ਰੰਪਰਾ ਵਿੱਚ ਬ੍ਰਹਮ ਨੂੰ ਜਦੋਂ ਇੱਕ ਸਵੀਕਾਰ ਕੀਤਾ ਜਾਂਦਾ ਹੈ ਤਾਂ ਉਸਦਾ ਭਾਵ ਹੈ ਕਿ ਉਹੀ ਇੱਕੋ ਇੱਕ ਹੋਂਦ ਹੈ ਜਿਹੜੀ ਸਦੀਵੀ ਸਰਬ ਸ਼ਕਤੀਮਾਨ, ਨਿਰਗੁਣ ਤੇ ਸਿਰਜਣਹਾਰ ਹੈ। ਭਾਰਤੀ ਚਿੰਤਨ ਦਾ ਇਹ ਪ੍ਰਭਾਵ ਗੁਰਬਾਣੀ ਵਿੱਚ ਵਿਸ਼ੇਸ਼ ਤੌਰ ਤੇ ਉਪਲਬਧ ਹੈ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਤੇ ਭਾਰਤੀ ਗਿਆਨ ਪ੍ਰੰਪਰਾ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੀ ਵਿਚਾਰ ਕਰੀਏ ਤਾਂ ਇਹ ਵੀ ਇਸ ਵਿੱਚ ਇਕ ਬ੍ਰਹਮ ਦੀ ਭਗਤੀ, ਮੁਕਤੀ, ਸੰਸਾਰ ਦੀ ਨਾਸ਼ਮਾਨਤਾ, ਮੌਤ, ਪਰਮਾਤਮਾ ਦੀ ਸਰਵਸ੍ਰੇਸ਼ਤਾ ਦੀ ਗੱਲ ਕੀਤੀ ਗਈ ਹੈ। ਪਰ ਇਸ ਦਾ ਗਿਆਨ ਗੁਰੂ ਤੋਂ ਬਿਨਾਂ ਅਸੰਭਵ ਹੈ ਗੁਰੂ ਹੀ ਇਕੋ ਇਕ ਅਜਿਹੀ ਹਸਤੀ ਹੈ ਜੋ ਜੀਵਾਂ ਨੂੰ ਪਰਮਾਰਥ ਦੇ ਰਾਹ ਤੇ ਲੈ ਕੇ ਜਾਂਦੀ ਹੈ. ਭਾਰਤੀ ਗਿਆਨ ਪ੍ਰੰਪਰਾ ਵਿੱਚ ਵੀ ਗੁਰੂ ਨੂੰ ਖਾਸ ਮਹਤੱਤਾ ਦਿੱਤੀ ਗਈ ਹੈ। ਭਗਤ ਕਬੀਰ ਜੀ ਦਾ ਕਥਨ ਹੈ :

ਗੁਰ ਗੋਬਿੰਦ ਦੋਇ ਖੜੇ ਕਿਸਕੇ ਲਾਗੂ ਪਾਏ

ਬਲਿਹਾਰੀ ਗੁਰ ਆਪਣੇ ਜਿਨ ਗੋਬਿੰਦ ਦਿਓ ਬਾਤਾਏ

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵੀ ਗੁਰੂ ਨੂੰ ਹੀ ਮੁਕਤੀ ਦਾ ਮਾਰਗਦਰਸ਼ਕ ਦੱਸਦੀ ਹੈ .ਗੁਰੂ ਜੀ ਅਨੁਸਾਰ :

ਨਾਨਕ ਕਹਤੁ ਮੁਕਤਿ ਪੰਥ ਇਹੁ

ਗੁਰਮੁਖ ਹੋਇ ਤੁਮ ਪਾਵਉ ..[4]

ਜਦੋਂ ਮਨੁੱਖ ਗੁਰੂ ਦੀ ਸ਼ਰਨ ਵਿੱਚ ਜਾਂਦਾ ਹੈ ਤਾਂ ਗੁਰੂ ਉਸ ਦੇ ਸਾਰੇ ਵਹਿਮ ਭਰਮ ਦੂਰ ਕਰਦਾ,ਇਕ ਬ੍ਰਹਮ ਦੀ ਭਗਤੀ ਲਈ ਮਨੁੱਖ ਨੂੰ ਪ੍ਰੇਰਦਾ ਹੈ। ਗੁਰੂ ਦੀ ਸ਼ਰਨ ਵਿੱਚ ਜਾਂ ਕੇ ਮਨੁੱਖ ਨੂੰ ਇਸ ਗੱਲ ਦੀ ਸੋਝੀ ਆਉਂਦੀ ਹੈ ਕਿ ਭਗਤੀ ਕੇਵਲ ਇੱਕ ਬ੍ਰਹਮ ਦੀ ਹੀ ਕਰਨੀ ਹੈ ਹੋਰ ਕਿਸੇ ਤੋਂ ਡਰਨ ਦੀ ਕੋਈ ਲੋੜ ਨਹੀਂ .ਗੁਰੂ ਜੀ ਦਾ ਕਥਨ ਹੈ:

ਭੈ ਕਾਹੂ ਕਉ ਦੇਤ ਨਾਹਿ ਨਾਹਿ ਭੈ ਮਾਨਤ ਆਨ..

ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਵਿਖਾਣ..[5]


© Copyright @ Authors

ਗੁਰੂ ਤੇਗ ਬਹਾਦਰ ਜੀ ਪ੍ਰਭੂ ਭਗਤੀ ਵਿੱਚ ਲੀਨ, ਸਧਾਰਨ ਜੀਵਨ ਤੇ ਉੱਚ ਆਦਰਸ਼ ਦੇ ਧਾਰਨੀ ਸਨ. ਉਹਨਾਂ ਨੇ ਕਾਮ, ਕ੍ਰੋਧ,ਅਹੰਕਾਰ ਦਾ ਤਿਆਗ ਕਰਕੇ ਮਨੁੱਖ ਨੂੰ ਨਿਰਬਾਣ ਪਦ ਪ੍ਰਾਪਤ ਕਰਨ ਦਾ ਸੰਦੇਸ਼ ਦਿੱਤਾ। ਨਿਰਬਾਣ ਪਦ ਦੀ ਪ੍ਰਾਪਤੀ ਲਈ ਦੁਨਿਆਵੀ ਹਰਖ ਸੋਗ,ਸੁਖ ਦੁਖ ਤੇ ਉਸਤਤ -ਨਿੰਦਿਆ ਦਾ ਤਿਆਗ ਕਰਨ ਲਈ ਪ੍ਰੇਰਿਆ ਤੇ ਇੱਕ ਬ੍ਰਹਮ ਦੀ ਭਗਤੀ ਲਈ ਸਾਧਨਾ ਕਰਨ ਤੇ ਜ਼ੋਰ ਦਿੱਤਾ. ਭਾਰਤੀ ਗਿਆਨ ਪਰੰਪਰਾ ਅਨੁਸਾਰ ਪ੍ਰਭੂ ਨੂੰ ਅਨੇਕ ਗੁਣਾਂ ਦਾ ਸਵਾਮੀ ਮੰਨਿਆ ਗਿਆ ਹੈ ਤੇ ਇਨਸਾਨ ਪ੍ਰਭੂ ਦੇ ਉਨਾਂ ਗੁਣਾ ਤੋਂ ਹੀ ਗਿਆਨੀ ਦੀ ਪਦਵੀ ਪ੍ਰਾਪਤ ਕਰਦਾ ਹੈ। ਮੂਲ ਵਿੱਚ ਇਹ ਗੁਣ ਉਸਦੇ ਸੁਭਾਅ, ਉਸਦੀ ਪ੍ਰਕਿਰਤੀ ਦਾ ਪ੍ਰਗਟਾਵਾ ਕਰਨ ਵਾਲੇ ਹਨ। ਜਿਸ ਦਾ ਜ਼ਿਕਰ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਵੀ ਹੁੰਦਾ ਹੈ। ਗੁਰੂ ਜੀ ਦਾ ਕਥਨ ਹੈ :

ਰੇ ਮਨ ਕਉਨ ਗਤ ਹੋਇ ਹੈ ਤੇਰੀ ..

ਇਹ ਜਗ ਮੈ ਰਾਮ ਨਾਮ

ਸੋ ਤਉ ਨਹੀ ਸੁਨਿਓ ਕਾਨ ..

ਬਿਖਿਆਨ ਸਿਉ ਅਤਿ ਲੁਭਾਨਿ

ਮਤ ਨਾਹਨ ਫੇਰੀ .. ਰਹਾਓ .. [6]

ਗੁਰੂ ਤੇਗ ਬਹਾਦਰ ਜੀ ਆਪਣੀ ਰਚਨਾ ਵਿੱਚ ਪ੍ਰਭੂ ਨੂੰ ਨਿਰਭਉ, ਨਿਰਵੈਰ ਦਾ ਸਰੂਪ ਆਖਦੇ ਹਨ ਤੇ ਉਸ ਨੂੰ ਹੀ ਸਰਵ ਸ਼ਕਤੀਮਾਨ ਮੰਨਦੇ ਹਨ। ਦੇਵੀ ਦੇਵਤੇ ਵੀ ਉਸ ਬ੍ਰਹਮ ਦੇ ਸੰਦੇਸ਼ ਨੂੰ ਜਨ ਸਧਾਰਨ ਤੱਕ ਲੈ ਜਾਂਦੇ ਹਨ ਜਿਸ ਦਾ ਹਵਾਲਾ ਗੁਰੂ ਜੀ ਦੀ ਬਾਣੀ ਵਿੱਚ ਬੜੇ ਸਪਸ਼ਟ ਸ਼ਬਦਾਂ ਦੇ ਵਿੱਚ ਮਿਲਦਾ ਹੈ। ਗੁਰਬਾਣੀ ਵਿੱਚ ਬ੍ਰਹਮ ਦੇ ਨਿਰਗੁਣ ਅਤੇ ਸਰਗੁਣ ਦੋਹਾਂ ਰੂਪਾਂ ਨੂੰ ਪ੍ਰਵਾਨ ਕੀਤਾ ਗਿਆ ਹੈ।ਗੁਰੂ ਜੀ ਅਨੁਸਾਰ ਸ੍ਰਿਸ਼ਟੀ ਤੋਂ ਪਹਿਲਾਂ ਸਰੂਪ ਨਿਰਗੁਣ ਹੈ ਅਤੇ ਪਰਵਰਤੀ ਸਮੇਂ ਦਾ ਸਰਗੁਣ. ਇਹ ਸਰਗੁਣ ਸਰੂਪ ਨਿਰਗੁਣ ਤੋਂ ਹੀ ਉਤਪੰਨ ਹੋਇਆ ਹੈ ਤੇ ਫਿਰ ਉਸੇ ਵਿੱਚ ਹੀ ਸਮਾ ਜਾਂਦਾ ਹੈ ।ਗੁਰੂ ਜੀ ਦਾ ਕਥਨ ਹੈ:

ਦੁਰਲਭ ਦੇ ਪਾਇ ਮਾਨਸ ਕੀ

ਬਿਰਥਾ ਜਨਮ ਸਿਰਾਵੈ..

ਮਾਇਆ ਮੋਹ ਮਹਾ ਸੰਕਟ ਬਨ

ਤਾ ਸਿਉ ਰੁਚ ਉਪਜਾਵੇ ..

ਅੰਤਰ ਬਾਹਰ ਸਦਾ ਸੰਗ ਪ੍ਰਭੁ

ਤਾਂ ਸਿਉ ਨੇਹ ਨਾ ਲਾਵੈ..

ਨਾਨਕ ਮੁਕਤ ਤਾਹਿ ਤੁਮ ਮਾਨਹੁ

ਜਹ ਘਟਿ ਰਾਮ ਸਮਾਵੈ ..[7]

ਜੀਵਆਤਮਾ ਭਾਰਤੀ ਚਿੰਤਨ ਵਿੱਚ ਵਿਸ਼ੇਸ਼ ਮਹੱਤਵ ਰੱਖਦੀ ਹੈ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਵੀ ਜੀਵ ਆਤਮਾ ਨੂੰ ਸ੍ਰੇਸ਼ਟ ਸਥਾਨ ਪ੍ਰਦਾਨ ਕੀਤਾ ਗਿਆ ਹੈ।ਗੁਰੂ ਜੀ ਜੀਵ ਆਤਮਾ ਸਬੰਧੀ ਆਪਣੇ ਅਨੁਭਵ ਅਨੁਸਾਰ ਵਿਚਾਰ ਪ੍ਰਗਟ ਕਰਦੇ ਹਨ। ਉਹਨਾਂ ਅਨੁਸਾਰ ਜੀਵ ਆਤਮਾ ਦਾ ਮੂਲ ਆਧਾਰ ਆਤਮ ਅਨੁਭੂਤੀ ਨੂੰ ਸਵੀਕਾਰ ਕੀਤਾ ਗਿਆ ਹੈ। ਉਹਨਾਂ ਅਨੁਸਾਰ ਆਤਮਾ ਤੇ ਪਰਮਾਤਮਾ ਵਿੱਚ ਕੋਈ ਅੰਤਰ ਨਹੀਂ ਹੈ।ਇਹ ਵਿਚਾਰ ਭਾਰਤੀ ਉਪਨਿਸ਼ਦਾ ਨਾਲ ਕਾਫੀ ਹੱਦ ਤੱਕ ਮੇਲ ਖਾਂਦੇ ਹਨ।ਮਾਇਆ ਦੇ ਭਰਮ ਦੇ ਕਾਰਨ ਅਨੇਕਤਾ ਦੀ ਪ੍ਰਤੀਤੀ ਦਾ ਨਾਸ਼ ਨਹੀਂ ਹੁੰਦਾ ਅਤੇ ਜਿੰਨਾ ਚਿਰ ਪ੍ਰਭੂ ਏਕਤਾ ਦਾ ਅਹਿਸਾਸ ਨਹੀਂ ਉਨਾ ਚਿਰ ਇਹ ਵਿਚਾਰ ਗ੍ਰਹਿਣ ਕਰਨਾ ਕਿ ਪ੍ਰਭੂ ਸਾਰੇ ਜੀਵਨ ਦੀ ਦੇਖਭਾਲ ਕਰਦਾ ਹੈ,ਗ੍ਰਹਿਣ ਕਰਨਾ ਸੰਭਵ ਨਹੀਂ ਹੁੰਦਾ। ਗੁਰੂ ਜੀ ਦਾ ਕਥਨ ਹੈ:

ਪ੍ਰਾਨੀ ਕਉਨੁ ਉਪਾਉ ਕਰੈ ..

ਜਾ ਤੇ ਭਗਤ ਰਾਮ ਕੀ ਪਾਵੇ

ਜਮ ਕੋ ਤ੍ਰਾਸ ਹਰੇ.. ਰਹਾਓ ..[8]

ਪ੍ਰੰਤੂ ਜਦੋਂ ਜੀਵ ਨੂੰ ਇਸ ਪ੍ਰਕਾਰ ਦੀ ਸਥਿਤੀ ਦਾ ਅਨੁਭਵ ਹੋ ਜਾਂਦਾ ਹੈ ਕਿ ਪ੍ਰਭੂ ਹੀ ਸਾਰੇ ਜਗਤ ਦੀ ਦੇਖਭਾਲ ਤੇ ਰੱਖਿਆ ਕਰਨ ਵਾਲਾ ਹੈ ਤਾਂ ਉਸਦੀ ਅੰਤਰਆਤਮਾ ਵਿੱਚੋਂ ਮਾਇਆ ਦਾ ਪਰਦਾ ਅਲੋਪ ਹੋ ਜਾਂਦਾ ਹੈ ਤੇ ਉਸਦਾ ਜੀਵਨ ਸ਼ੁੱਧ ਹੋ ਕੇ ਪ੍ਰਭੂ ਵਿੱਚ ਇਕਮਿਕ ਹੋ ਜਾਂਦਾ ਹੈ। ਇਸ ਸਬੰਧ ਕਰਕੇ ਹੀ ਜੀਵ ਵੱਖ ਵੱਖ ਹੋਣ ਦੇ ਬਾਵਜੂਦ ਵੀ ਇੱਕੋ ਹਨ। ਉਹਨਾਂ ਦੀ ਅਨੇਕਤਾ ਵਿੱਚ ਹੀ ਏਕਤਾ ਹੈ।


© Copyright @ Authors

ਸ੍ਰਿਸ਼ਟੀ ਸਬੰਧੀ ਭਾਰਤੀ ਚਿੰਤਨ ਵਿੱਚ ਜਿਹੜੇ ਵਿਚਾਰ ਪ੍ਰਚੱਲਿਤ ਹਨ ਉਹ ਕਾਫੀ ਹੱਦ ਤੱਕ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਵੀ ਮਿਲ ਜਾਂਦੇ ਹਨ. ਪ੍ਰਭੂ ਨੂੰ ਸ੍ਰਿਸ਼ਟੀ ਦਾ ਰਚਨਹਾਰਾ ਤੇ ਇਸਦਾ ਸੰਚਾਲਕ ਮੰਨਿਆ ਗਿਆ ਹੈ।ਦੂਜੇ ਸ਼ਬਦਾਂ ਵਿੱਚ ਇਹ ਵਿਚਾਰ ਪ੍ਰਵਾਨਿਤ ਹੈ ਕਿ ਸਾਰੀ ਸ੍ਰਿਸ਼ਟੀ ਰੱਬੀ ਹੁਕਮ ਅਨੁਸਾਰ ਗਤੀਸ਼ੀਲ ਹੈ।ਸ੍ਰਿਸ਼ਟੀ ਦੇ ਰਚਨਾਕਾਰ ਸਬੰਧੀ ਮਨੁੱਖ ਨੂੰ ਕੋਈ ਗਿਆਨ ਨਹੀਂ। ਇਸ ਦਾ ਗਿਆਨ ਕੇਵਲ ਪਰਮਾਤਮਾ ਨੂੰ ਹੀ ਹੈ। ਗੁਰੂ ਤੇਗ ਬਹਾਦਰ ਜੀ ਨੇ ਦ੍ਰਿਸ਼ਟਮਾਨ ਜਗਤ ਨੂੰ ਸੱਤ ਤੇ ਅਸੱਤ ਦੋਹਾਂ ਰੂਪਾਂ ਵਿੱਚ ਦਰਸਾਇਆ ਹੈ। ਅਸਲ ਵਿੱਚ ਇਹ ਸੱਚ ਕੇਵਲ ਵਿਵਹਾਰਿਕ ਹੈ,ਪਰਮਾਰਥਕ ਨਹੀਂ ਤੇ ਪਰਮਾਰਥਕ ਸੱਚ ਕੇਵਲ ਪਰਮਾਤਮਾ ਹੈ। ਇਸ ਪੱਖੋਂ ਦ੍ਰਿਸ਼ਟਮਾਨ ਜਗਤ ਅਸਤ ਹੈ ਦੂਜੇ ਸ਼ਬਦਾਂ ਵਿੱਚ ਇਹ ਨਾਸ਼ਵਾਨ ਹੈ ਅਤੇ ਛਿਨ ਮਾਤਰ ਹੈ ਗੁਰੂ ਤੇਗ ਬਹਾਦਰ ਜੀ ਦਾ ਕਥਨ ਹੈ:

ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ..॥

ਕਹਿ ਨਾਨਕ ਥਿਰ ਨਾ ਰਹੈ ਜਿਉ ਬਾਲੂ ਕੀ ਭੀਤ ..॥ [9]

ਮਾਇਆ ਦਾ ਸਿਧਾਂਤ ਅਦਵੈਤਵਾਦ ਦੇ ਨਿਕਟ ਹੈ। ਜਗਤ ਅਤੇ ਜਗਤ ਦਾ ਸਬੰਧ ਮਾਇਆ ਦੇ ਪਸਾਰ ਹੀ ਹਨ. ਮਾਇਆ ਮਾਨਵੀ ਜੀਵਨ ਵਿੱਚ ਵਿਘਨ ਅਥਵਾ ਔਕੜਾ ਉਤਪੰਨ ਕਰਨ ਦਾ ਕਾਰਨ ਹੈ ਤੇ ਅਧਿਆਤਮਕ ਸਾਧਨਾ ਵਿੱਚ ਵੀ ਇਹ ਰੁਕਾਵਟ ਉਤਪੰਨ ਕਰਦੀ ਹੈ. ਸੰਸਾਰ ਮਾਇਆ ਦਾ ਹੀ ਸਕਾਰ ਰੂਪ ਹੈ ਤੇ ਵਿਭਿੰਨ ਪ੍ਰਕਾਰ ਦੇ ਮਨੋ ਵਿਕਾਰ ਇਸ ਦੀ ਹੀ ਉਪਜ ਹਨ। ਇਸ ਦਾ ਗਿਆਨ ਗ੍ਰਹਿਣ ਕਰਨਾ ਅਤੀ ਕਠਿਨ ਹੈ ਪ੍ਰੰਤੂ ਇਸ ਨੂੰ ਕੇਵਲ ਇਸਦਾ ਰਚਨਹਾਰ ਬ੍ਰਹਮ ਹੀ ਜਾਣ ਸਕਦਾ ਹੈ।

ਭਾਰਤੀ ਗਿਆਨ ਪਰੰਪਰਾ ਵਿੱਚ ਮੁਕਤੀ ਦਾ ਨਿਸ਼ਚਿਤ ਸਥਾਨ ਹੈ। ਪਰਮਾਤਮਾ ਵਿਚ ਲੀਨਤਾ ਇੱਕਮਿਕਤਾ,ਪ੍ਰਭੂ ਦਾ ਸਾਕਸ਼ਾਤ,ਆਤਮ ਸਮਰਪਣ ਇਹ ਅਜਿਹੇ ਪੱਖ ਹਨ ਜਿਹੜੇ ਅਧਿਆਤਮਕਤਾ ਦੇ ਖੇਤਰ ਵਿੱਚ ਵਿਸ਼ੇਸ਼ ਮਹੱਤਵ ਰੱਖਦੇ ਹਨ। ਪ੍ਰੰਤੂ ਸੰਸਾਰ ਦੀਆਂ ਹੋਰ ਸਮਸਤ ਵਸਤੂਆਂ ਇਸਦੇ ਸਨਮੁੱਖ ਅਤਿ ਤੁਛ ਹਨ। ਮੁਕਤੀ ਦੀ ਭਾਵਨਾ ਕਰਮਕਾਂਡ ਵਿੱਚ ਨਹੀਂ, ਵਿਭਿੰਨ ਪ੍ਰਕਾਰ ਦੀਆਂ ਗੱਲਾਂ ਨੂੰ ਗ੍ਰਹਿਣ ਕਰਨ ਵਿੱਚ ਹੈ ਜਿਸ ਦਾ ਸਬੰਧ ਮਨੁੱਖ ਦੇ ਰੂਹਾਨੀ ਜਗਤ ਨਾਲ ਹੈ। ਗੁਰੂ ਜੀ ਅਨੁਸਾਰ ਗੁਰੂ,ਗੁਰੂ ਸ਼ਬਦ, ਗੁਰ ਸੇਵਾ,ਭਗਤੀ, ਮੁਕਤੀ ਦੇ ਸੰਦਰਭ ਵਿੱਚ ਸਹਾਇਕ ਸਿੱਧ ਹੁੰਦੇ ਹਨ ।ਗੁਰੂ ਜੀ ਦਾ ਫੁਰਮਾਨ ਹੈ:

ਕਉਨ ਕਰਮ ਬਿਦਿਆ ਕਹੁ ਕੈਸੀ

ਧਰਮ ਕਉ ਫੁਨ ਕਰਈ॥

ਕਉਨੁ ਨਾਮ ਗੁਰ ਜਾ ਕੈ ਸਿਮਰੈ

ਭਵ ਸਾਗਰ ਕਉ ਤਰਈ॥ [10]

ਭਾਰਤੀ ਗਿਆਨ ਪ੍ਰੰਪਰਾ ਵਿੱਚ ਗੀਤਾ ਦਾ ਮਹੱਤਵਪੂਰਨ ਸਥਾਨ ਹੈ,ਇਹ ਉਹ ਗ੍ਰੰਥ ਹੈ ਜਿਸ ਵਿੱਚ ਕੁੱਲ ਵੇਦ ਸ਼ਾਸਤਰਾਂ ਦੇ ਗਿਆਨ ਨੂੰ ਸਮੋ ਕੇ ਉਹਨਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ .ਸ੍ਰਿਸ਼ਟੀ ਦੇ ਮੁੱਢ ਤੋਂ ਲੈ ਕੇ ਪਰਲੋ ਤੱਕ ਨਿਰੰਤਰ ਬ੍ਰਹਮ ਦੇ ਨਿਰਗੁਣ, ਸਰਗੁਣ ਸਰੂਪ ਮਾਇਆ, ਪ੍ਰਕਿਰਤੀ ਤੇ ਜੀਵਾਂ ਸਬੰਧੀ ਸਪਸ਼ਟ ਨਿਰਨਾ ਕੀਤਾ ਗਿਆ ਹੈ ਤੇ ਪ੍ਰਭੂ ਦੇ ਮੂਲ ਵਿੱਚ ਇਕ ਬ੍ਰਹਮ ਨੂੰ ਹੀ ਪ੍ਰਵਾਨ ਕੀਤਾ ਗਿਆ ਹੈ. ਗੀਤਾ ਅਨੁਸਾਰ ਸ੍ਰੇਸ਼ਟ ਧਰਮ ਮੂਲ ਵਿੱਚ ਪ੍ਰਭੂ ਦੀ ਸ਼ਰਨ ਵਿੱਚ ਆਉਂਦਾ ਹੈ . ਜਿਸ ਭਾਰਤੀ ਚਿੰਤਨ ਵਿੱਚ ਇਸ ਦਾ ਵਰਣਨ ਆਉਂਦਾ ਹੈ .ਉਸ ਅਨੁਸਾਰ ਬ੍ਰਾਹਮ ਨਾਲ ਸੰਯੋਗ ਬ੍ਰਹਮ ਦੇ ਖੋਜੀਆਂ ਦਾ ਪ੍ਰਮੁੱਖ ਉਦੇਸ਼ ਹੈ . ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵੀ ਬ੍ਰਹਮ ਦੀ ਖੋਜ ਤੇ ਸੰਸਾਰ ਦੀ ਨਾਸ਼ਮਾਨਤਾ ਦਾ ਜ਼ਕਿਰ ਕਰਦੀ ਹੈ .ਗੁਰੂ ਜੀ ਅਨੁਸਾਰ:

ਜੋ ਦੀਸੈ ਸੋ ਸਗਲ ਬਿਨਾਸੇ

ਜਿਉ ਬਾਦਰ ਕੀ ਛਾਹੀ॥ [11]

ਭਾਵ ਜੋ ਕੁਝ ਸੰਸਾਰ ਤੇ ਨਜ਼ਰ ਆਉਂਦਾ ਹੈ,ਉਹ ਸਭ ਨਾਸ਼ਵਨ ਹੈ,ਕੁਝ ਵ ਸਥਿਰ ਨਹੀਂ।ਗੁਰੂ ਤੇਗ ਬਹਾਦਰ ਜੀ ਅਨੁਸਾਰ ਸੰਸਾਰ ਵਿੱਚ ਜੋ ਵਿਆਪਕ ਹੈ,ਉਹ ਮੂਲ ਵਿੱਚ ਪ੍ਰਭੂ ਦੁਆਰਾ ਹੀ ਸਿਰਜਿਆ ਹੋਇਆ ਹੈ ਤੇ ਉਹ ਪ੍ਰਭੂ ਵਿੱਚ ਹਿ ਸਮਾਅ ਜਾਣਾ ਹੈ।ਗੁਰੂ ਜੀ ਦੀ ਬਾਣੀ ਇਸ ਗੱਲ ਉੱਤੇ ਬਲ ਦਿੰਦੀ ਹੈ ਕਿ ਗੁਰੂ ਸ਼ਬਦ ਤੇ ਗੁਰੂ ਬਖਸ਼ਿਸ਼ ਅਤੀ ਸ੍ਰੇਸ਼ਟ ਹਨ ਤੇ ਇਹਨਾਂ ਰਾਹੀਂ ਅਕਾਲ ਪੁਰਖ ਦੀ ਪ੍ਰਾਪਤੀ ਹੋ ਜਾਂਦੀ ਹੈ।ਮਨੁੱਖ ਨੂੰ ਮੋਹ ਮਾਇਆ ਦਾ ਤਿਆਗ ਕਰਕੇ ਪ੍ਰਭੂ ਭਗਤੀ ਨਾਲ ਹੀ ਜੁੜਨਾ ਚਾਹੀਦਾ ਹੈ। ਗੁਰੂ ਜੀ ਦਾ ਉਪਦੇਸ਼ ਹੈ:

ਰਾਮ ਭਜੁ ਰਾਮੁ ਭਜੁ

ਜਨਮੁ ਸਿਰਾਤੁ ਹੈ॥

ਕਹਉ ਕਹਾ ਬਾਰ ਬਾਰ

ਸਮਝਤ ਨਹ ਕਿਉ ਗਵਾਰ॥ [12]

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਭਗਤੀ ਮਾਰਗ ਵਿੱਚ ਸਭ ਤੋਂ ਪਹਿਲਾ ਲੜੀਦਾ ਸਾਧਨ ਗੁਰੂ ਹੈ ।ਭਾਰਤੀ ਚਿੰਤਨ ਵਿੱਚ ਵੀ ਗੁਰੂ ਦਾ ਵਿਸ਼ੇਸ਼ ਸਥਾਨ ਹੈ। ਗੁਰੂ ਜੀ ਦੀ ਬਾਣੀ ਵਿੱਚ ਗੁਰੂ ਅਤੇ ਪ੍ਰਭੂ ਵਿੱਚ ਕੋਈ ਅੰਤਰ ਨਹੀਂ ਮੰਨਿਆ ਗਿਆ। ਗੁਰੂ ਜੀ ਨੇ ਪਾਰਬ੍ਰਹਮ ਨੂੰ ਗੁਰੂ ਦੇ ਰੂਪ ਵਿੱਚ ਹੀ ਸਵੀਕਾਰ ਕੀਤਾ ਹੈ ਪ੍ਰੰਤੂ ਭਾਰਤੀ ਗਿਆਨ ਪਰੰਪਰਾ ਵਿਚਲੇ ਕੁਝ ਇੱਕ ਫਿਰਕਿਆ ਵੱਲੋਂ ਅਪਣਾਏ ਜਾਂਦੇ


© Copyright @ Authors

ਕਰਮਕਾਂਡਾਂ ਦਾ ਗੁਰੂ ਜੀ ਨੇ ਖੰਡਨ ਕੀਤਾ ਹੈ ।ਅਜਿਹੇ ਕਰਮਕਾਂਡਾਂ ਨਾਲ ਮਨੁੱਖ ਆਪਣੇ ਅਸਲੀ ਰੂਹਾਨੀ ਮਕਸਦ ਤੋਂ ਭਟਕ ਜਾਂਦਾ ਹੈ ਤੇ ਦੁਨਿਆਵੀ ਕਰਮਕਾਂਡਾਂ ਵਿੱਚ ਫਸ ਕੇ ਰਹਿ ਜਾਂਦਾ ਹੈ। ਇਸ ਕਰਕੇ ਗੁਰੂ ਜੀ ਉਪਦੇਸ਼ ਦਿੰਦੇ ਹਨ ਕਿ ਜੀਵ ਅਧਿਆਤਮਕ ਤੌਰ ਤੇ ਸੰਸਾਰ ਵਿੱਚ ਵਿਚਰਦਿਆਂ ਜਿਸ ਵਿਧੀ ਨਾਲ ਕਾਰਸ਼ੀਲ ਹੋਵੇ ਉਹ ਰੂਹਾਨੀ ਵਿਕਾਸ ਵਾਸਤੇ ਨਿਸ਼ਚਿਤ ਢੰਗ ਵਾਲੀ ਹੋਣੀ ਚਾਹੀਦੀ ਹੈ ।ਜਿਸ ਨੂੰ ਗ੍ਰਹਿਣ ਕਰਕੇ ਜੀਵਆਤਮਾ ਪ੍ਰਭੂ ਨਾਲ ਇੱਕਮਿਕਤਾ ਪ੍ਰਾਪਤ ਕਰੇ। ਇਥੇ ਵੇਦਾਂਤ ਦੇ ਸਬੰਧ ਵਿੱਚ ਇਹ ਗੱਲ ਉਲੇਖਨੀ ਹੈ ਕਿ ਇਸ ਵਿੱਚ ਭਾਰਤੀ ਚਿੰਤਨ ਸੰਪੂਰਨ ਪ੍ਰਗਟਾ ਹੈ .ਵੇਦਾਂਤ ਦੇ ਪ੍ਰਮੁੱਖ ਤੌਰ ਤੇ ਤਿੰਨ ਸਕੂਲ ਪ੍ਰਚਲਿਤ ਹੋਏ ਹਨ ;ਸ਼ੰਕਰ ਦਾ ਅਦਵੈਤ ;ਰਾਮਾ ਨਿਜ ਦਾ ਵਿਸ਼ਿਸ਼ਟ ਅਦਵੈਤ ਅਤੇ ਮਾਧਵ ਦਾ ਦਵੈਤ ਉਲੇਖਣੀਯ ਹਨ। ਜਦੋਂ ਇਸ ਸਬੰਧੀ ਵਿਚਾਰਿਆ ਜਾਵੇ ਤਾਂ ਵੇਦਾਂਤ ਸਬੰਧੀ ਇਹ ਧਾਰਨਾ ਸਪਸ਼ਟ ਹੁੰਦੀ ਹੈ ਕਿ ਇਸ ਵਿੱਚ ਕੇਵਲ ਉਪਨਿਸ਼ਦਾ ਦੀਆਂ ਸਿੱਖਿਆਵਾਂ ਹੀ ਨਹੀਂ ਜਾਂ ਇਸ ਦੇ ਮੁਢਲੇ ਅਧਿਆਇ ਸਗੋਂ ਹੋਰ ਪਵਿੱਤਰ ਸਾਹਿਤ ਰਚਨਾਵਾਂ ਵੀ ਇਸ ਵਿੱਚ ਇੱਕ ਹੋ ਜਾਂਦੀਆਂ ਹਨ। ਜਿਵੇਂ:- ਭਗਵਤ ਗੀਤਾ, ਵਿਸ਼ਨੂ ਪ੍ਰਾਣ ਆਦਿ।

ਗੁਰੂ ਸਾਹਿਬ ਵੇਲੇ ਭਾਰਤ ਵਿੱਚ ਅਤੇ ਵਿਸ਼ੇਸ਼ ਕਰਕੇ ਪੰਜਾਬ ਵਿੱਚ ਬਹੁ ਧਰਮੀ ਲੋਕ ਵਿਚਰਦੇ ਸਨ ਤੇ ਕੁਝ ਇਕ ਧਾਰਮਿਕ ਚਿੰਨਾਂ ਦਾ ਪ੍ਰਯੋਗ ਵੀ ਕਰਦੇ ਸਨ।ਜਿਵੇਂ:- ਕੰਨਾਂ ਵਿੱਚ ਮੁੰਦਰਾਂ ਪਾਉਣੀਆਂ,ਹੱਥ ਵਿੱਚ ਖੱਪਰ ਫੜਨਾ,ਘਰ ਘਰ ਮੰਗਣ ਲਈ ਜਾਣਾ,ਸਰੀਰ ਤੇ ਸਵਾਹ ਮਲਨੀ,ਹੱਥ ਵਿੱਚ ਡੰਡਾ ਫੜਨਾ ਆਦਿ। ਗੁਰੂ ਜੀ ਨੇ ਇਹਨਾਂ ਸਾਰੇ ਕਰਮਕਾਂਡਾਂ ਦਾ ਵਿਰੋਧ ਕੀਤਾ ਹੈ। ਉਹਨਾਂ ਅਨੁਸਾਰ ਇਹ ਸਰੀਰਕ ਚਿੰਨ ਜੀਵ ਆਤਮਾ ਦੀ ਅਧਿਆਤਮਕ ਪ੍ਰਗਤੀ ਵਿੱਚ ਸਹਾਇਕ ਸਿੱਧ ਨਹੀਂ ਹੁੰਦੇ। ਗੁਰੂ ਜੀ ਨੇ ਪਤਿਤ ਕਦਰਾਂ ਕੀਮਤਾਂ ਦੀ ਥਾਂ ਸਮਾਜ ਦੇ ਅਧਿਆਤਮਕ ਖੇਤਰਾਂ ਵਿੱਚ ਅਜਿਹੀਆਂ ਨਵੀਆਂ ਕਦਰਾਂ ਕੀਮਤਾਂ ਦੀ ਸਥਾਪਨਾ ਕੀਤੀ ਜਿਹੜੀਆਂ ਭਾਰਤੀ ਸੰਸਕ੍ਰਿਤੀ ਦੇ ਪ੍ਰਵਾਹ ਦੇ ਅਨੁਕੂਲ ਸਨ।

ਗੁਰੂ ਜੀ ਨੇ ਆਪਣੀ ਰਚਨਾ ਵਿੱਚ ਜੀਵਨ ਦੀਆਂ ਸਦੀਵੀ ਕਦਰਾਂ ਕੀਮਤਾਂ ਜਾਂ ਵੱਖ-ਵੱਖ ਧਰਮਾਂ ਦੇ ਨਵੇਂ ਸਿਰ ਸਥਾਪਤੀ ਵਾਸਤੇ ਉਪਦੇਸ਼ ਜਾਰੀ ਕੀਤੇ ।ਭਾਰਤੀ ਸੱਭਿਆਚਾਰ ਵਿੱਚ ਪ੍ਰਮੁੱਖ ਤੌਰ ਤੇ 10 ਕਦਰਾਂ ਕੀਮਤਾਂ ਦਾ ਉਲੇਖ ਹੈ। ਇਹ ਮੂਲ ਵਿੱਚ ਦਸ ਨੈਤਿਕ ਗੁਣ ਹਨ ਅਤੇ ਇਹਨਾਂ ਦੀ ਪਾਲਣਾ ਅਧਿਆਤਮਕ ਪੱਖ ਤੋਂ ਅਵਸਕ ਹੈ। ਇਹਨਾਂ ਵਿੱਚ ਧੀਰਜ, ਖਿਮਾ, ਇੰਦਰੀਆਂ ਨੂੰ ਵੱਸ ਵਿੱਚ ਰੱਖਣਾ, ਚੋਰੀ ਨਾ ਕਰਨੀ, ਪਵਿੱਤਰਤਾ, ਗੰਭੀਰ ਵਿੱਦਿਆ, ਸੱਚ, ਦਇਆ ਆਦਿ ਜੀਵਨ ਦੀਆਂ ਸਦੀਵੀ ਕਦਰਾਂ ਕੀਮਤਾਂ ਹਨ ।ਮੱਧ ਕਾਲ ਵਿੱਚ ਇਹਨਾਂ ਨੈਤਿਕ ਗੁਣਾਂ ਵਿੱਚੋਂ ਵਧੇਰੇ ਕਰਕੇ ਮਾਨਵੇ ਜੀਵਨ ਵਿੱਚੋਂ ਇਹ ਗੁਣ ਅਲੋਪ ਹੁੰਦੇ ਜਾ ਰਹੇ ਸਨ ਪਰ ਗੁਰੂ ਜੀ ਨੇ ਆਪਣੀ ਬਾਣੀ ਰਾਹੀਂ ਇਹਨਾਂ ਗੁਣਾਂ ਨੂੰ ਧਾਰਨ ਕਰਨ ਅਤੇ ਅਧਿਆਤਮਕ ਜੀਵਨ ਜੀਣ ਲਈ ਮਨੁੱਖਤਾ ਨੂੰ ਪ੍ਰੇਰਿਤ ਕੀਤਾ। ਗੁਰੂ ਜੀ ਅਨੁਸਾਰ ਮਨੁੱਖ ਦਾ ਅੰਤਿਮ ਲਕਸ਼ ਮੁਕਤੀ ਪ੍ਰਾਪਤ ਕਰਨਾ ਹੈ। ਇਸ ਵਾਸਤੇ ਜਿਸ ਪ੍ਰਕਾਰ ਦੀਆਂ ਵਿਧੀਆਂ ਉਪਲਬਧ ਹਨ। ਉਸ ਅਨੁਸਾਰ ਭਗਤੀ ਅਥਵਾ ਰੱਬੀ ਪ੍ਰੇਮ ਦਾ ਜ਼ਿਕਰ ਕੀਤਾ ਗਿਆ ਹੈ। ਭਾਰਤੀ ਗਿਆਨ ਪ੍ਰੰਪਰਾ ਵਿੱਚ ਪ੍ਰਭੂ ਭਗਤੀ ਉੱਤੇ ਵਿਸ਼ੇਸ਼ ਬਲ ਹੈ ਅਤੇ ਗੁਰੂ ਜੀ ਦੀ ਬਾਣੀ ਵਿੱਚ ਵੀ ਪ੍ਰਭੂ ਪ੍ਰੇਮ ਨੂੰ ਹੀ ਭਗਤੀ ਦਾ ਨਾਮ ਦਿੱਤਾ ਗਿਆ ਹੈ।ਗੁਰੂ ਜੀ ਦਾ ਸਿਧਾਂਤ ਬੜਾ ਸਪਸ਼ਟ ਹੈ ਪ੍ਰਭੂ ਮੇਲ ਵਾਸਤੇ ਪ੍ਰਭੂ ਭਗਤੀ ਹਉਮੈ ਦਾ ਤਿਆਗ ਤੇ ਸਾਧ ਸੰਗਤ ਅਤ ਉਲੇਖਨੀ ਹਨ ਜਿਹੜਾ ਜੀਵ ਪ੍ਰਭੂ ਦੀ ਸ਼ਰਨ ਆਉਂਦਾ ਹੈ ਉਸ ਉੱਤੇ ਪ੍ਰਭੂ ਦੀ ਬਖਸ਼ਿਸ਼ ਹੋਣ ਦੇ ਸੰਕੇਤ ਉਪਲਬਧ ਹੁੰਦੇ ਹਨ ਅਤੇ ਜਿਹੜੇ ਜੀਵ ਪ੍ਰਭੂ ਦੇ ਹੁਕਮ ਅਨੁਸਾਰ ਜੀਵਨ ਵਿੱਚ ਕਰਸ਼ੀਲ ਹੁੰਦੇ ਹਨ ਉਹਨਾਂ ਨੂੰ ਹੀ ਮੁਕਤੀ ਪ੍ਰਾਪਤ ਹੁੰਦੀ ਹੈ। ਮਰਨ ਉਪਰੰਤ ਨਹੀਂ ਜੀਵਨ ਵਿੱਚ ਵੀ ਅਜਿਹੀ ਜੀਵ ਆਤਮਾ ਮੁਕਤੀ ਪ੍ਰਾਪਤ ਕਰ ਲੈਂਦੀ ਹੈ। ਅਜਿਹੇ ਜੀਵ ਮਨੁੱਖਤਾ ਦਾ ਕਲਿਆਣ ਕਰਕੇ ਅਤੇ ਗੁਰਮਤ ਅਨੁਸਾਰ ਗੁਰਮੁਖ ਵਾਲਾ ਜੀਵਨ ਜਿਉਂਦੇ ਹਨ। ਗੁਰੂ ਜੀ ਅਨੁਸਾਰ ਜੀਵਨ ਮੁਕਤੀ ਅਤੇ ਮਾਨਵਤਾ ਦਾ ਕਲਿਆਣ ਹੀ ਮਨੁੱਖ ਦਾ ਅਸਲ ਉਦੇਸ਼ ਹੁੰਦਾ ਹੈ।

ਗੁਰੂ ਜੀ ਦਾ ਕਥਨ ਹੈ:

ਇਹ ਚਿੰਤਾ ਉਪਜੀ ਘਟ ਮਹਿ

ਜਬ ਗੁਰ ਚਰਨਨ ਅਨੁਰਾਗਿਓ॥

ਸਫਲ ਜਨਮ ਨਾਨਕ ਤਬ ਹੂਆ

ਜਬ ਪ੍ਰਭ ਜਸ ਮਹਿ ਪਾਗਿਓ॥2॥[13]

ਸਿੱਟਾ: ਸੋ ਅਸੀਂ ਕਹਿ ਸਕਦੇ ਹਾਂ ਕਿ ਭਾਰਤੀ ਗਿਆਨ ਪਰੰਪਰਾ ਮਨੁੱਖ ਨੂੰ ਸ੍ਰਿਸ਼ਟੀ ਵਿੱਚ ਵਿਚਰਨ ਦੀ ਜੀਵਨ ਜਾਚ ਦੱਸਦੀ ਹੋਈ ਪ੍ਰਭੂ ਭਗਤੀ ਲਈ ਪ੍ਰੇਰਿਤ ਕਰਦੀ ਹੈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਵੀ ਇਕ ਬ੍ਰਹਮ ਦਾ ਸੰਕਲਪ ਤੇ ਪ੍ਰਭੂ ਭਗਤੀ ਨੂੰ ਹੀ ਆਪਣਾ ਵਿਸ਼ਾ ਬਣਾਉਂਦੀ ਹੈ।ਭਾਰਤੀ ਗਿਆਨ ਪਰੰਪਰਾ ਵਿੱਚ ਮਨੁੱਖੀ ਮਾਨਸਿਕਤਾ ਨੂੰ ਯੋਗ ਸਾਧਨਾ ਰਾਹੀਂ ਪਰਮਾਤਮਾ ਨਾਲ ਇਕੱਮਿਕਤਾ ਦਾ ਭੇਦ ਦੱਸਿਆ ਗਿਆ ਹੈ।ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਵੀ ਇਹ ਸਾਰੇ ਪੱਖ ਸਮਾਏ ਹੋਏ ਹਨ ਸੋ ਭਾਰਤੀ ਗਿਆਨ ਪਰੰਪਰਾ ਅਨੁਸਾਰ ਇੱਕ ਬ੍ਰਹਮ ਦੇ ਸੰਕਲਪ,ਗੁਰੂ ਦੀ ਲੋੜ, ਮੁਕਤੀ ਦੇ ਸਾਧਨ,ਪ੍ਰਭੂ ਭਗਤੀ ਨੂੰ ਸਮਰਪਿਤ ਹੈ ਜੋ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਵੀ ਉਪਲੱਬਧ ਹੈ।

### ਹਵਾਲੇ ਤੇ ਟਿੱਪਣੀਆਂ

1. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, 1999,ਪੰਨਾ 697.
2. ਭਾਈ ਵੀਰ ਸਿੰਘ, ਗੁਰਮਤਿ ਨਾਮਾ, ਪੰਨਾ 18.


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

3. ਡਾ. ਵੰਦਨਾ ਰੋਜ ਅਤੇ ਰੋਮੀ ਕਾਦੀਆਂ, ਇੰਟਰਨੈਸ਼ਨਲ ਜਰਨਲ ਓਫ ਡਿਵੈਲਪਮੈਂਟ ਰੇਸੇਰਚ, 14, 12,ਦਸੰਬਰ 24.
4. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 219
5. ਓਹੀ, ਅੰਗ 1427.
6. ਓਹੀ, ਅੰਗ 1352.
7. ਓਹੀ, ਅੰਗ 220.
8. ਓਹੀ, ਅੰਗ 632.
9. ਓਹੀ, ਅੰਗ 1429
10. ਓਹੀ, ਅੰਗ 632
11. ਓਹੀ, ਅੰਗ 219
12. ਓਹੀ, 1352.
13. ਓਹੀ, ਅੰਗ 1008.


© Copyright @ Authors